# ਟਰਾਂਸਪੋਰਟ ਕਾਰਪੋਰੇਸ਼ਨ ਆਫ ਇੰਡੀਆ ਨੇ ਵਿੱਤੀ ਸਾਲ 23 ਦੀ ਦੂਜੀ ਤਿਮਾਹੀ ਅਤੇ ਪਹਿਲੇ ਛਮਾਹੀ ਦੇ ਨਤੀਜੇ ਐਲਾਨ ਕੀਤੇ

ਚੰਡੀਗੜ੍ਹ, 2 ਨਵੰਬਰ (ਆਰ ਮੀਡੀਆ)- ਦੇਸ਼ ਦੀ ਪ੍ਰਮੁੱਖ ਇੰਟੀਗ੍ਰੇਡ ਸਪਲਾਈ ਚੇਨ ਐਂਡ ਲੌਜਿਸਟਿਕ ਸਾਲੂਸ਼ਨਸ ਪ੍ਰੋਵਾਈਡਰ ਟਰਾਂਸਪੋਰਟ ਕਾਰਪੋਰੇਸ਼ਨ ਆਫ ਇੰਡੀਆ ਲਿਮਿਟੇਡ ਨੇ ਵਿੱਤੀ ਸਾਲ 2023 ਦੀ ਦੂਜੀ ਤਿਮਾਹੀ ਅਤੇ ਪਹਿਲੀ ਛਿਮਾਹੀ ਦੇ ਵਿੱਤੀ ਨਤੀਜੇ ਐਲਾਨ ਕੀਤੇ ਹਨ। ਐਬਿਡਿਟਾ ਵਿੱਤੀ ਸਾਲ 2022 ਦੀ ਪਹਿਲੀ ਛਿਮਾਹੀ ਵਿੱਚ 186 ਕਰੋੜ ਰੁਪਏ ਦੇ ਮੁਕਾਬਲੇ ਤੋਂ ਵਧ ਕੇ 214 ਕਰੋੜ ਰੁਪਏ ਹੋ ਗਈ। ਐਬਿਡਿਟਾ ਮਾਰਜਿਨ 13.82 ਫੀਸਦੀ ਦੇ ਮੁਕਾਬਲੇ 12.92 ਫੀਸਦੀ 'ਤੇ ਰਿਹਾ ਜਦਕਿ ਸ਼ੁੱਧ ਲਾਭ 117 ਕਰੋੜ ਰੁਪਏ ਦੇ ਮੁਕਾਬਲੇ 134 ਕਰੋੜ ਰੁਪਏ ਰਿਹਾ ਏਕੀਕ੍ਰਿਤ ਆਧਾਰ 'ਤੇ ਵਿੱਤੀ ਸਾਲ 2023 ਦੀ ਪਹਿਲੀ ਛਿਮਾਹੀ 'ਚ ਸੰਚਾਲਨ ਆਮਦਨ 1836 ਕਰੋੜ ਰੁਪਏ ਰਹੀ ਜੋ ਕਿ ਸਾਲ-ਦਰ-ਸਾਲ ਦੇ ਆਧਾਰ 'ਤੇ 21 ਫੀਸਦੀ ਜ਼ਿਆਦਾ ਹੈ, ਐਬਿਡਿਟਾ ਮਾਰਜਿਨ 13.02 ਫੀਸਦੀ ਦੇ ਮੁਕਾਬਲੇ 'ਚ 12.86 ਫੀਸਦੀ ਰਿਹਾ ਜਦੋਂ ਕਿ ਸ਼ੁੱਧ ਲਾਭ 124 ਕਰੋੜ ਰੁਪਏ ਦੇ ਮੁਕਾਬਲੇ 151 ਕਰੋੜ ਰੁਪਏ ਰਿਹਾ। ਨਤੀਜੇ 'ਤੇ ਟਿੱਪਣੀ ਕਰਦਿਆਂ ਹੋਏ ਮਿ. ਵਿਨੀਤ ਅਗਰਵਾਲ, ਮੈਨੇਜਿੰਗ ਡਾਇਰੈਕਟਰ ਟੀਸੀਆਈ ਨੇ ਕਿਹਾ, "ਕੰਪਨੀ ਨੇ ਵਿੱਤੀ ਸਾਲ 2023 ਦੀ ਦੂਜੀ ਤਿਮਾਹੀ ਅਤੇ ਪਹਿਲੀ ਛਿਮਾਹੀ ਵਿੱਚ ਕੰਪਨੀ ਨੇ ਸਕਾਰਾਤਮਕ ਪ੍ਰਦਰਸ਼ਨ ਕੀਤਾ। ਆਟੋਮੋਬਾਈਲ ਅਤੇ ਖਪਤ ਖੇਤਰਾਂ ਵਿੱਚ ਵਧਦੀ ਮੰਗ ਦੇ ਨਾਲ ਨਾਲ ਕੋਰ ਬਿਜਨੈਸ ਫੰਡਾਮੈਂਟਲ 'ਤੇ ਧਿਆਨ ਕੇਂਦਰਿਤ ਕਰਨ ਤੋਂ ਮਹਿੰਗਾਈ ਦੇ ਦਬਾਅ ਦੇ ਬਾਵਜੂਦ ਸਾਰੇ ਕਾਰੋਬਾਰੀ ਖੇਤਰਾਂ ਵਿੱਚ ਤਸੱਲੀਬਖਸ਼ ਪ੍ਰਦਰਸ਼ਨ ਕਰਨ ਦੇ ਯੋਗ ਰਹੇ। ਕੰਪਨੀ ਆਪਣੇ ਵਿਆਪਕ ਮਲਟੀਮੋਡਲ ਨੈਟਵਰਕ, ਕਸਟਮਾਈਜ਼ਡ ਸਰਵਿੱਸ ਆਫਰਿੰਗ, ਸਹੀ ਤਕਨਾਲੋਜੀ ਵਿੱਚ ਨਿਵੇਸ਼ ਅਤੇ ਆਟੋਮੇਸ਼ਨ ਦੁਆਰਾ ਉੱਚ ਵਿਕਾਸ ਵਾਲੇ ਖੇਤਰਾਂ ਦਾ ਸ਼ੋਸਣ ਕਰਨ ਵਿੱਚ ਵਿਲੱਖਣ ਸਥਿਤੀ ਵਿੱਚ ਬਣੀ ਹੋਈ ਹੈ।